# ਸਾਈਟੋਮੇਗਲੋਵਾਇਰਸ (ਸੀ.ਐੱਮ.ਵੀ.) Cytomegalovirus (CMV)

## ਸੀ.ਐੱਮ.ਵੀ. ਕੀ ਹੈ? What is CMV?

- ਸੀ.ਐੱਮ.ਵੀ. ਇੱਕ ਆਮ ਵਾਇਰਸ ਹੈ ਜੋ ਆਮ ਅਬਾਦੀ ਵਿਚ ਕਿਸੇ ਨੂੰ ਵੀ ਕਿਸੇ ਉਮਰ ਵਿਚ ਇਨਫੈਕਟ ਕਰ ਸਕਦਾ ਹੈ। ਤਕਰੀਬਨ 50% ਲੋਕਾਂ ਨੂੰ ਜਵਾਨੀ ਦੀ ਉਮਰ ਹੋਣ ਤੱਕ ਸੀ.ਐੱਮ.ਸੀ. ਹੋ ਚੁਕਿਆ ਹੁੰਦਾ ਹੈ।

## ਸੀ.ਐੱਮ.ਵੀ. ਕੀ ਕਰ ਸਕਦਾ ਹੈ? What can CMV do?

- ਟ੍ਰਾਂਸਪਲਾਂਟ ਵਾਲੇ ਵਿਅਕਤੀ ਵਿਚ ਸੀ.ਐੱਮ.ਸੀ. ਹਲਕੇ ਤੋਂ ਗੰਭੀਰ ਫਲੂ ਜਿਹੀ ਬਿਮਾਰੀ ਪੈਦਾ ਕਰ ਸਕਦਾ ਹੈ। ਇਹ ਅੰਤੜੀਆਂ, ਫੇਫੜਿਆਂ ਜਾਂ ਟ੍ਰਾਂਸਪਲਾਂਟ ਕੀਤੇ ਅੰਗ ਵਿਚ ਗੰਭੀਰ ਇਨਫੈਕਸ਼ਨ ਕਰ ਸਕਦਾ ਹੈ।

## ਸੀ.ਐੱਮ.ਵੀ. ਕਿਵੇਂ ਫੈਲਦਾ ਹੈ? How is CMV spread?

- ਸੀ.ਐੱਮ.ਸੀ. ਸਰੀਰ ਦੇ ਤਰਲਾਂ ਜਿਵੇਂ ਥੁੱਕ ਜਾਂ ਖ਼ੂਨ ਵਿਚ ਰਹਿੰਦਾ ਹੈ। ਇਨਫੈਕਟਿਡ ਵਿਅਕਤੀ ਦੇ ਸੰਪਰਕ ਵਿਚ ਆਉਣ ਨਾਲ ਦੂਜੇ ਵਿਅਕਤੀ ਨੂੰ ਸੀ.ਐੱਮ.ਸੀ. ਹੋ ਸਕਦਾ ਹੈ।
- ਜੇ ਕਰ ਵਿਅਕਤੀ ਇੱਕ ਵਾਰ ਸੀ.ਐੱਮ.ਸੀ. ਨਾਲ ਇਨਫੈਕਟ ਹੋ ਜਾਏ ਤਾਂ ਇਹ ਵਾਰਿਸ ਸਾਰੀ ਉਮਰ ਸਰੀਰ ਵਿਚ ਰਹਿੰਦਾ ਹੈ। ਜ਼ਿਆਦਾ ਸਮਾਂ ਇਹ ਸਰਗਰਮ ਨਹੀਂ ਰਹਿੰਦਾ (ਸੁਸਤ ਰਹਿੰਦਾ ਹੈ)।
- ਟ੍ਰਾਂਸਪਲਾਂਟ ਕੀਤੇ ਅੰਗ ਨਾਲ ਵੀ ਸੀ.ਐੱਮ.ਸੀ. ਫੈਲ ਸਕਦਾ ਹੈ ਜੇ ਕਰ ਅੰਗ ਦਾਨ ਕਰਨ ਵਾਲੇ ਨੂੰ ਆਪਣੀ ਜ਼ਿੰਦਗੀ ਵਿਚ ਸੀ.ਐੱਮ.ਸੀ. ਹੋਇਆ ਸੀ।

## ਟ੍ਰਾਂਸਪਲਾਂਟ ਤੋਂ ਬਾਅਦ ਸੀ.ਐੱਮ.ਵੀ. ਕਿਉਂ ਮਹੱਤਵਪੂਰਨ ਹੈ? Why is CMV important after transplant?

- ਟ੍ਰਾਂਸਪਲਾਂਟ ਤੋਂ ਬਾਅਦ ਤੁਸੀਂ ਜੋ ਐਂਟੀ-ਰਿਜੈਕਸ਼ਨ ਦਵਾਈਆਂ ਲੈਂਦੇ ਹੋ ਉਸ ਕਾਰਨ ਸੀ.ਐੱਮ.ਸੀ. ਸਰਗਰਮ ਹੋ ਸਕਦਾ ਹੈ। ਟ੍ਰਾਂਸਪਲਾਂਟ ਪਰਾਪਤ ਕਰਨ ਵਾਲਿਆਂ ਵਿਚ ਸਰਗਰਮ ਸੀ.ਐੱਮ.ਸੀ. ਦੇ ਲੱਛਣ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਜੇ ਕਰ ਟ੍ਰਾਂਸਪਲਾਂਟ ਤੋਂ ਪਹਿਲਾਂ ਉਨ੍ਹਾਂ ਨੂੰ ਕਦੀ ਸੀ.ਐੱਮ.ਸੀ. ਨਹੀਂ ਹੋਇਆ।
- ਟ੍ਰਾਂਸਪਲਾਂਟ ਤੋਂ ਬਾਅਦ ਮਰੀਜ਼ਾਂ ਦੀ ਨਿਗਰਾਨੀ ਬੜੀ ਬਰੀਕੀ ਨਾਲ ਕੀਤੀ ਜਾਂਦੀ ਹੈ ਅਤੇ ਸੀ.ਐੱਮ.ਸੀ. ਇਨਫੈਕਸ਼ਨ ਨੂੰ ਕੰਟਰੋਲ ਕਰਨ ਲਈ ਦਵਾਈ ਲੈਣ ਦੀ ਜ਼ਰੂਰਤ ਹੋ ਸਕਦੀ ਹੈ।

## ਸੀ.ਐੱਮ.ਵੀ. ਦੇ ਲੱਛਣ ਕੀ ਹਨ? What are the symptoms of CMV?

ਸੰਭਾਵਿਤ ਸੀ.ਐੱਮ.ਸੀ. ਇਨਫੈਲਸ਼ਨ ਦੇ ਕਈ ਲੱਛਣ ਹਨ। ਜਿਨ੍ਹਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਥਕਾਵਟ
- ਦਸਤ
- ਬੁਖ਼ਾਰ/ਠੰਢ ਲੱਗਣੀ
- ਮਾਸਪੇਸ਼ੀਆਂ/ਪੱਠਿਆਂ ਵਿਚ ਦਰਦ

ਕਿਉਂਕਿ ਤੁਹਾਡੇ ਵਿਚ ਇਹੋ ਜਿਹੇ ਲੱਛਣ ਹਨ ਤਾਂ ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਸੀ.ਐੱਮ.ਸੀ. ਹੈ। ਪਰ ਜੇ ਤੁਹਾਡੇ ਵਿਚ ਇਨ੍ਹਾਂ ਵਿਚੋਂ ਕੋਈ ਲੱਛਣ ਹੈ ਤਾਂ ਆਪਣੇ ਟ੍ਰਾਂਸਪਲਾਂਟ ਕਲੀਨਿਕ ਨੂੰ ਸੰਪਰਕ ਕਰੋ।

## ਮੈਨੂੰ ਇਹ ਕਿਵੇਂ ਪਤਾ ਲੱਗੇ ਕਿ ਮੈਨੂੰ ਸੀ.ਐੱਮ.ਵੀ ਹੈ? How do I know I have CMV?

ਸੀ.ਐੱਮ.ਸੀ. ਦਾ ਪਤਾ ਖ਼ੂਨ ਟੈੱਸਟ ਨਾਲ ਹੀ ਚੱਲਦਾ ਹੈ। ਵਾਇਰਸ ਦਾ ਪਤਾ ਕਰਨ ਲਈ ਤੁਹਾਡਾ ਟ੍ਰਾਂਸਪਲਾਂਟ ਕਲੀਨਿਕ ਰੈਗੂਲਰਲੀ ਤੁਹਾਡੇ ਖ਼ੂਨ ਨੂੰ ਚੈੱਕ ਕਰੇਗਾ।

## ਕੀ ਸੀ.ਐੱਮ.ਵੀ. ਦੇ ਇਲਾਜ ਦੀ ਲੋੜ ਹੈ? Does CMV need to be treated?

ਜੇ ਟ੍ਰਾਂਸਪਲਾਂਟ ਮਰੀਜ਼ ਵਿਚ ਇਨਫੈਕਸ਼ਨ ਸਰਗਰਮ ਹੈ ਤਾਂ ਇਹ ਬੜਾ ਮਹੱਤਵਪੂਰਨ ਹੈ ਕਿ ਜਿੰਨੀ ਜਲਦੀ ਹੋ ਸਕੇ ਇਲਾਜ ਸ਼ੁਰੂ ਕੀਤਾ ਜਾਏ।

## ਸੀ.ਐੱਮ.ਵੀ. ਦਾ ਇਲਾਜ ਕਿਵੇਂ ਹੁੰਦਾ ਹੈ? How is CMV treated?

ਸੀ.ਐੱਮ.ਸੀ. ਦਾ ਇਲਾਜ ਐਂਟੀਵਾਇਰਸ ਦਵਾਈ ਨਾਲ ਕੀਤਾ ਜਾਂਦਾ ਹੈ (ਜਿਵੇਂ ਕਿ ਵਲਗੰਸੀਕਲੋਵੀਰ ਜਾਂ ਗੰਸੀਕਲੋਵਰ)।

## ਸੀ.ਐੱਮ.ਵੀ. ਨੂੰ ਕਿਵੇਂ ਰੋਕਿਆ ਜਾਂਦਾ ਹੈ? How is CMV prevented?

ਅੰਗ ਦਾਨ ਕਰਨ ਵਾਲੇ ਅਤੇ ਲੈਣ ਵਾਲੇ ਸਭ ਦਾ ਸੀ.ਐੱਮ.ਸੀ. ਲਈ ਚੈੱਕ ਕੀਤਾ ਜਾਂਦਾ ਹੈ। ਜੇ ਤੁਹਾਨੂੰ ਸੀ.ਐੱਮ.ਸੀ. ਇਨਫੈਕਸ਼ਨ ਦਾ ਖ਼ਤਰਾ ਹੈ ਤਾਂ ਟ੍ਰਾਂਸਪਲਾਂਟ ਤੋਂ ਬਾਅਦ ਤੁਹਾਡਾ ਡਾਕਟਰ ਸੀ.ਐੱਮ.ਸੀ. ਨੂੰ ਸਰਗਰਮ ਹੋਣ ਤੋਂ ਰੋਕਣ ਲਈ ਕੁੱਝ ਸਮੇਂ ਵਾਸਤੇ ਤੁਹਾਡੇ ਲਈ ਵਲਗੰਸੀਕਲੋਵਰ ਨਿਰਧਾਰਤ ਕਰ ਸਕਦਾ ਹੈ।